# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਬਠਿੰਡਾ


ਤੀਜ਼ੀ ਮੰਜ਼ਿਲ ਮਿਨੀ ਸਕੱਤਰੇਤ

deose.bathinda@punjabeducation.gov.in


ਵੱਲ,

ਸਮੂਹ ਮੁੱਖੀ / ਪ੍ਰਿੰਸੀਪਲ / ਮੁੱਖ ਅਧਿਆਪਕ,

ਜ਼ਿਲ੍ਹਾ ਬਠਿੰਡਾ।

DEO/BTI/2026/42. ਮਿਤੀ: 01/07/2026

ਵਿਸ਼ਾ: ਮਿਡ-ਡੇ-ਮੀਲ (Mid Day Meal) ਦੀ ਸੁਚੱਜੀ ਦੇਖ-ਰੇਖ, ਸਫ਼ਾਈ ਅਤੇ ਸਿਹਤ ਨਿਰੀਖਣ (Health Team) ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚ ਚੱਲ ਰਹੇ ਮਿਡ-ਡੇ-ਮੀਲ ਪ੍ਰੋਗਰਾਮ ਨੂੰ ਹੋਰ ਸੁਚੱਜੇ ਅਤੇ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਨੁਕਤਿਆਂ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ:

1. ਮਿਡ-ਡੇ-ਮੀਲ ਅਤੇ ਸਫ਼ਾਈ ਸਬੰਧੀ ਜ਼ਰੂਰੀ ਹਦਾਇਤਾਂ:

1. ਮਿਡ-ਡੇ-ਮੀਲ ਵਰਕਰਾਂ ਦੀ ਹਾਜ਼ਰੀ ਅਤੇ ਕੰਮ ਦੀ ਨਿਯਮਿਤ ਨਿਗਰਾਨੀ ਕੀਤੀ ਜਾਵੇ।

2. ਮਿਡ-ਡੇ-ਮੀਲ ਇੰਚਾਰਜ ਰੋਜ਼ਾਨਾ ਦੇ ਰਿਕਾਰਡ ਅਤੇ ਖਾਣੇ ਦੀ ਗੁਣਵੱਤਾ ਨੂੰ ਚੈੱਕ ਕਰਨਗੇ।

3. ਸਫ਼ਾਈ ਅਤੇ ਮਿਕਸਿੰਗ:* ਰਸੋਈ, ਭਾਂਡੇ, ਅਤੇ ਖਾਣਾ ਪਕਾਉਣ ਦੇ ਭਾਂਡੇ (Cooking area) ਦੀ ਸਫ਼ਾਈ ਅਤੇ ਸਬਜ਼ੀਆਂ/ਅਨਾਜ ਦੀ ਮਿਕਸਿੰਗ ਸਹੀ ਢੰਗ ਨਾਲ ਹੋਣੀ ਚਾਹੀਦੀ ਹੈ।

4. ਸਕੂਲ ਵਿੱਚ ਕਿਚਨ ਗਾਰਡਨ ਨੂੰ ਚੰਗੀ ਹਾਲਤ ਵਿੱਚ ਰੱਖਿਆ ਜਾਵੇ । ਇਸ ਵਿੱਚ ਬੱਚਿਆਂ ਦੀ ਸਿਹਤ ਲਈ ਲਾਹੇਵੰਦ ਪੌਦੇ ਜਿਵੇਂ ਕਿ ਤੁਲਸੀ, ਸਹੁੰਜਨਾ, ਅਰਜੁਨ , ਗੁਲਾਬ , ਆਂਵਲਾ, ਕੜੀਪੱਤਾ , ਪੁਦੀਨਾ, ਧਨੀਆਂ, ਅਸ਼ਵਗੰਧਾ , ਮੌਰੰਗਾ ਆਦਿ ਫਲਦਾਰ ਪੌਦੇ ਲਗਾਏ ਜਾਣ। ਇਸ ਸਬੰਧੀ ਹੌਰਟੀਕਲਚਰ ਮਹਿਕਮੇ ਨਾਲ ਸੰਪਰਕ ਕਰਕੇ ਪੌਦਿਆਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

5. ਮਿਡ-ਡੇ-ਮੀਲ ਸਬੰਧੀ ਮੀਟਿੰਗਾਂ ਨਿਯਮਿਤ ਤੌਰ 'ਤੇ ਕੀਤੀਆਂ ਜਾਣ ਅਤੇ ਰਜਿਸਟਰ ਮੇਨਟੇਨ ਰੱਖਿਆ ਜਾਵੇ।

6. ਸਮੂਹ ਬੱਚਿਆਂ ਨੂੰ ਖਾਣਾ ਪਰੋਸਣ ਤੋਂ ਪਹਿਲਾਂ (Taste and Quality) ਖਾਣੇ ਦੀ ਗੁਣਵੱਤਾ ਦੀ ਜਾਂਚ ਯਕੀਨੀ ਬਣਾਈ ਜਾਵੇ।

7. ਸਕੂਲ ਵਿੱਚ ਪੀਣ ਵਾਲੇ ਪਾਣੀ ਦੀ ਟੈਂਕੀ ਦੀ ਸਫ਼ਾਈ ਸਮੂਹ ਪ੍ਰਬੰਧ ਤੋਂ ਪਹਿਲਾਂ ਕੀਤੀ ਜਾਵੇ।

8 ਸਕੂਲ ਵਿੱਚ ਮੈਡੀਕਲ/ਫਸਟ ਏਡ ਕਿੱਟ (Emergency Kit) ਹਮੇਸ਼ਾ ਮੌਜੂਦ ਹੋਣੀ ਚਾਹੀਦੀ ਹੈ।

9. ਰਸੋਈ ਦੇ ਕੂੜੇ ਦੀ ਉਚਿਤ ਸਫ਼ਾਈ ਅਤੇ ਢੇਰ ਲਗਾਉਣ ਦੀ ਬਜਾਏ ਸਹੀ ਨਿਪਟਾਰਾ ਕੀਤਾ ਜਾਵੇ।

10. ਰਸੋਈ ਸਟਾਫ਼ ਨੂੰ Safe Food (ਸੁਰੱਖਿਅਤ ਖਾਣਾ) ਬਣਾਉਣ ਸਬੰਧੀ ਜ਼ਰੂਰੀ ਟ੍ਰੇਨਿੰਗ ਦਿੱਤੀ ਜਾਵੇ।

11. ਮਿਡ-ਡੇ-ਮੀਲ/ਸਫ਼ਾਈ ਅਤੇ ਪੋਸ਼ਣ ਸਬੰਧੀ ਜਾਗਰੂਕਤਾ ਲਈ ਸਕੂਲ ਵਿੱਚ Flex (ਫਲੈਕਸ) ਬੋਰਡ ਲਗਾਏ ਜਾਣ।

12ਮਿਡ-ਡੇ-ਮੀਲ ਵਰਕਰਾਂ ਦੇ ਪਹਿਰਾਵੇ (Uniform/Apron) ਅਤੇ ਮੈਡੀਕਲ ਚੈੱਕਅੱਪ ਦਾ ਧਿਆਨ ਰੱਖਿਆ ਜਾਵੇ।

13. ਖਾਣਾ ਬਣਾਉਣ ਵਾਲੇ ਸਟਾਫ਼ ਦੇ ਨਹੁੰ (Nails) ਕੱਟੇ ਹੋਣੇ ਬੇਹੱਦ ਜ਼ਰੂਰੀ ਹਨ।

14. ਹਰੇਕ ਸਕੂਲ ਵੱਲੋਂ ਵੀਡੀਓ ਵਿੱਚ ਨਿਊਟ੍ਰੀਸ਼ਨਲ ਪਲਾਂਟਸ (Nutritional Plants) ਅਤੇ ਹੋਰ ਪੌਦਿਆਂ ਨੂੰ ਦਿਖਾਇਆ ਜਾਵੇ।

15. ਸਕੂਲ ਦੇ ਸਾਰੇ ਵਾਸ਼ਰੂਮਜ਼ (Washrooms) ਵਿੱਚ ਸਾਬਣ (Soaps) ਦਾ ਹੋਣਾ ਲਾਜ਼ਮੀ (Compulsory) ਹੈ।

16. ਲੜਕਿਆਂ ਅਤੇ ਲੜਕੀਆਂ ਦੇ ਵਾਸ਼ਰੂਮਜ਼ ਅਤੇ ਉਹਨਾਂ ਦੀਆਂ ਦੀਵਾਰਾਂ (Walls/Boys Toilets) ਦੀ ਨਿਯਮਿਤ ਚੈਕਿੰਗ ਕੀਤੀ ਜਾਵੇ।

17. ਮਿਡ-ਡੇ-ਮੀਲ ਵਰਕਰਾਂ ਦੇ ਹੈਲਥ ਇੰਸ਼ੋਰੈਂਸ (Health Insurance) ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

18 ਅਤਿਥੀ /ਮਹਿਮਾਨ ਭੋਜਨ ਮਹੀਨੇ ਵਿੱਚ ਇੱਕ ਵਾਰ ਜਰੂਰ ਬਣਾਉਣਾ।

>ਨੋਟ :* ਉੱਪਰ ਦਿੱਤੀਆਂ ਗਈਆਂ ਸਾਰੀਆਂ ਹਦਾਇਤਾਂ ਦੀ ਸਮੂਹ ਸਕੂਲਾਂ ਵੱਲੋਂ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਸਮੂਹ ਸਟਾਫ਼ ਅਤੇ ਸਕੂਲ ਮੁਖੀ ਇਹਨਾਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨਗੇ। ਇਸ ਵਿੱਚ ਕਿਸੇ ਵੀ ਪ੍ਰਕਾਰ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

1/7/26

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ. / ਸੈ.ਸਿ.)

ਬਠਿੰਡਾ